EDUCATION IS A MOVEMENT FROM DARKNESS TO LIGHT

# Private Unaided Schools' Association-CBSE/ICSE (Regd.)

(PUSA) Punjab

Regn. No. 217

(An association of Private Unaided Schools Affiliated to CBSE/ICSE in The State of Punjab)

**Prof. M.L. Arora**
Patron
M.: 98142-54094

**Vinod Kumar Khurana**
State President
M.: 98156-21788
e-mail: sudeshvatika@yahoo.com

**Mohinder Singh 'Bhola'**
State Gen. Secretary
M.: 98554-23081
e-mail: mohindersinghpks@gmail.com

Ref No: PUSA/GEN/2023/035 Dated: 06/04/2023

ਸੇਵਾ ਵਿਖੇ

ਮਾਨਯੋਗ ਸਿਖਿਆ ਮੰਤਰੀ ਸਾਹਿਬ,

ਪੰਜਾਬ ਸਰਕਾਰ,

ਚੰਡੀਗੜ੍ਹ ।

**ਵਿਸ਼ਾ : ਪ੍ਰਾਈਵੇਟ ਅਨ ਏਡਿਡ ਸਕੂਲਾਂ ਵਿੱਚ ਕਿਤਾਬਾਂ ਅਤੇ ਫੀਸਾਂ ਬਾਰੇ ।**

ਸ੍ਰੀ ਮਾਨ ਜੀ ,

ਸਾਡੀ ਐਸੋਸੀਏਸ਼ਨ ਆਪ ਜੀ ਦੇ ਸਿੱਖਿਆ ਵਿਭਾਗ ਵੱਲੋਂ ਸਿੱਖਿਆ ਪ੍ਰਣਾਲੀ ਦੇ ਸੁਧਾਰ ਲਈ ਕੀਤੇ ਯਤਨਾਂ ਦੀ ਭਰਪੂਰ ਸ਼ਲਾਘਾ ਕਰਦੀ ਹੈ ਅਤੇ ਇਸ ਮਕਸਦ ਲਈ ਆਪ ਜੀ ਵੱਲੋਂ ਅਰੰਭੇ ਉੱਤਮ ਕਾਰਜਾਂ ਨੂੰ ਨੇਪਰੇ ਚੜ੍ਹਾਉਣ ਵਿੱਚ ਵੀ ਪੂਰਨ ਤੌਰ ਤੇ ਵਚਨਬੱਧ ਹੋਣ ਕਰਕੇ ਆਪ ਜੀ ਦਾ ਧਿਆਨ ਉਹਨਾਂ ਊਣਤਾਈਆਂ ਵੱਲ ਦਵਾਉਣਾ ਚਾਹੁੰਦੀ ਹੈ ਜੋ ਉੱਤਮ ਯਤਨਾਂ ਦੀ ਸੰਪੂਰਨਤਾ ਵਿੱਚ ਰੁਕਾਵਟ ਬਣ ਸਕਦੀਆਂ ਹਨ।

1. ਸਾਡੇ C.B.S.E./I.C.S.E.ਨਾਲ ਸੰਬੰਧਿਤ ਸਕੂਲ ਆਪੋ-ਆਪਣੇ ਬੋਰਡ ਵੱਲੋਂ ਸਮੇਂ-ਸਮੇਂ ਪ੍ਰਾਪਤ ਹਦਾਇਤਾਂ , ਭਾਵੇਂ ਉਹ ਕਿਤਾਬਾਂ ਸੰਬੰਧੀ ਜਾਂ ਵਰਦੀ ਸੰਬੰਧੀ ਹੋਣ ਦਾ ਪੂਰਨ ਤੌਰ ਤੇ ਪਾਲਣ ਕਰਦੀਆਂ ਹਨ। CBSE ਬਾਈਲਾਜ ਤੋਂ ਵੀ ਸਪੱਸ਼ਟ ਹੈ ਕਿ C.B.S.E. ਨੂੰ ਐਲੀਮੈਂਟਰੀ ਪੱਧਰ ਤੱਕ NCERT ਦੁਆਰਾ ਪ੍ਰਕਾਸ਼ਿਤ ਕਿਤਾਬਾਂ ਦੇ ਨਾਲ-ਨਾਲ ਪ੍ਰਾਈਵੇਟ ਪਬਲਿਸ਼ਰ ਦੀਆਂ ਕਿਤਾਬਾਂ ਲਵਾਉਣ ਵਿੱਚ ਕੋਈ ਇਤਰਾਜ਼ ਨਹੀਂ ਹੈ ਬਸ਼ਰਤੇ ਕਿ ਕਿਤਾਬਾਂ ਦੀ ਗਿਣਤੀ NCERT ਪੁਸਤਕਾਂ ਦੇ ਬਰਾਬਰ ਹੋਵੇ , ਉਹਨਾਂ ਪੁਸਤਕਾਂ ਵਿੱਚ ਕੋਈ ਇਤਰਾਜ਼ ਯੋਗ ਸਮੱਗਰੀ ਨਾ ਹੋਵੇ ਅਤੇ ਉਹ NCERT ਤੇ ਆਧਾਰਿਤ ਸਿਲੇਬਸ ਦੇ ਅਨੁਕੂਲ ਹੋਣ। ਪਤਾ ਹੀ ਹੈ ਕਿ NCERT ਪ੍ਰਕਾਸ਼ਿਤ ਕਿਤਾਬਾਂ ਸਾਰੇ ਵਿਸ਼ਿਆਂ ਵਿੱਚ ਉਪਲਬਧ ਨਹੀਂ ਹਨ । ਜਿੱਥੋਂ ਤੱਕ ਨੌਵੀਂ, ਦਸਵੀਂ ਅਤੇ +1, +2 ਦੀਆਂ ਕਿਤਾਬਾਂ ਦਾ ਸਬੰਧ ਹੈ ਇਹਨਾਂ ਕਲਾਸਾਂ ਵਿੱਚ NCERT ਦੁਆਰਾ ਪ੍ਰਕਾਸ਼ਿਤ ਪੁਸਤਕਾਂ ਹੀ ਲਗਾਈਆਂ ਜਾ ਰਹੀਆਂ ਹਨ ।
2. ਇਸੇ ਸੰਬੰਧ ਵਿੱਚ ਮਾਣਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ( CWP - 20545- 2009) ਦਾ ਵੀ ਫੈਸਲਾ ਜਿਸ ਤੇ ਪੇਜ ਨੰਬਰ 79 ਪਹਿਰਾ 76 ਵਿੱਚ ਸਪਸ਼ਟ ਹੈ ਕਿ ਟੀਚਰ ਨੂੰ ਬੌਧਿਕ ਅਜ਼ਾਦੀ ਹੈ ਕਿ ਉਹ ਆਪਣੇ ਵਿਸ਼ਿਆਂ ਨੂੰ ਆਪਣੇ ਇਲਾਕੇ ਵਿੱਚ ਕਿਵੇਂ ਪੜ੍ਹਾਉਣਾ ਚਾਹੁੰਦਾ ਹੈ ਅਤੇ ਕਿਹੋ ਜਿਹੀਆਂ ਕਿਤਾਬਾਂ ਲਗਾਉਣਾ ਚਾਹੁੰਦਾ ਹੈ।
3. ਆਪ ਜੀ ਦੇ ਮਹਿਕਮੇ ਵੱਲੋਂ ਸਕੂਲਾਂ ਨੂੰ ਇਹ ਹਦਾਇਤ ਕਰ ਨੀ ਕਿ ਉਹ ਆਪੋ ਆਪਣੇ ਇਲਾਕੇ ਦੇ ਵਿਸਤਾਰ ਦੇ ਮੱਦੇਨਜ਼ਰ 20-10-5 ਅਤੇ 3 ਦੁਕਾਨਾਂ ਤੋਂ ਪੁਸਤਕਾਂ ਉਪਲੱਬਧ ਕਰਾਉਣੀਆਂ ਜਰੂਰੀ ਬਣਾਉਣ ਜਿਸ ਦੀ ਪਾਲਣਾ ਕਰਨ ਵਿੱਚ ਕੁੱਝ ਸਕੂਲ ਦਿੱਕਤ

EDUCATION IS A MOVEMENT FROM DARKNESS TO LIGHT
Private Unaided Schools' Association-CBSE/ICSE (Regd.)
(PUSA) Punjab
Regn. No. 217
(An association of Private Unaided Schools Affiliated to CBSE/ICSE in The State of Punjab)

Prof. M.L. Arora
Patron
M.: 98142-54094

Vinod Kumar Khurana
State President
M.: 98156-21788
e-mail: sudeshvatika@yahoo.com

Mohinder Singh 'Bhola'
State Gen. Secretary
M.: 98554-23081
e-mail: mohindersinghpks@gmail.com

ਮਹਿਸੂਸ ਕਰ ਰਹੇ ਹਨ। ਉਹ ਮਿੱਥੀਆਂ ਦੁਕਾਨਾਂ ਨੂੰ ਆਪਣੇ ਸਕੂਲਾਂ ਦੀਆਂ ਕਿਤਾਬਾਂ ਦੀਆਂ ਲਿਸਟਾਂ ਤਾਂ ਯਕੀਨੀ ਮੁੱਹਈਆ ਕਰ ਸਕਦੇ ਹਨ, ਆਪਣੇ ਸਕੂਲ ਦੇ ਨੋਟਿਸ ਬੋਰਡਾਂ ਤੇ ਲਿਸਟਾਂ ਪ੍ਰਦਰਸ਼ਿਤ ਕਰ ਸਕਦੇ ਹਨ ਅਤੇ ਆਪਣੀ ਵੈੱਬਸਾਈਟ ਤੇ ਲਿਸਟਾਂ ਪਾ ਰਹੇ ਹਨ ਜੋ ਕਿ ਪਬਲਿਕ ਡੋਮੇਨ ਵਿੱਚ ਹੈ। ਉਹ ਦੁਕਾਨਦਾਰਾਂ ਕੋਲੋਂ ਲਿਸਟ ਪ੍ਰਾਪਤੀ ਦੀ ਰਸੀਦ ਵੀ ਪ੍ਰਾਪਤ ਕਰ ਸਕਦੇ ਹਨ ਪਰ ਉਹ ਕਿਸੇ ਦੁਕਾਨਦਾਰ ਨੂੰ ਕਿਤਾਬਾਂ ਵੇਚਣ ਲਈ ਪਾਬੰਦ ਨਹੀਂ ਕਰ ਸਕਦੇ। ਬੇਨਤੀ ਹੈ ਇਸ ਲਈ ਉਹਨਾਂ ਸਕੂਲਾਂ ਨੂੰ ਇਸ ਗੱਲ ਲਈ ਜ਼ਿੰਮੇਵਾਰ ਨਾ ਠਹਿਰਾਇਆ ਜਾਵੇ।

4. ਸਾਡੇ ਮੈਂਬਰ ਅਦਾਰੇ ਵਿਸ਼ਵਾਸ ਦਵਾਉਂਦੇ ਹਨ ਕੀ ਉਹ ਫੀਸਾਂ ਵਿੱਚ ਸਾਲਾਨਾ ਵਾਧਾ ਵਿਧਾਨ ਸਭਾ ਦੁਆਰਾ ਪਾਸ ਫੀ ਰੈਗੂਲੇਟਰੀ ਐਕਟ ਮੁਤਾਬਿਕ ਜਿਹੜਾ ਕਿ 8% ਹੈ, ਤੱਕ ਹੀ ਕਰਦੇ ਹਨ। ਜਿਸ ਵਿੱਚ ਕਿਸੇ ਨੂੰ ਵੀ ਕਿਸੇ ਇਤਰਾਜ ਦੀ ਗੁੰਜਾਇਸ਼ ਨਹੀਂ ਹੈ ਭਾਵੇਂ ਕਿ ਇਹ ਵਾਧਾ ਪ੍ਰਚੱਲਿਤ ਮਹਿੰਗਾਈ ਦਰ ਅਤੇ ਸੰਬੰਧਿਤ ਬੋਰਡਾਂ / ਮਾਪਿਆਂ ਮੁਤਾਬਿਕ ਸਹੂਲਤਾਂ ਪ੍ਰਦਾਨ ਕਰਨ ਤੇ ਹੋਣ ਵਾਲੇ ਖਰਚਿਆਂ ਤੋਂ ਕਿਤੇ ਘੱਟ ਹਨ।

ਸਪਸ਼ਟ ਹੈ ਕਿ ਸਰਕਾਰੀ ਅਤੇ ਅਨਏਡਿਡ ਸਕੂਲ ਜੋ ਕਿ ਇੱਕ ਦੂਜੇ ਦੇ ਪੂਰਕ ਹਨ ਮਿਲ ਕੇ ਦੇਸ਼ ਦੀ ਵਿੱਦਿਆ ਪ੍ਰਣਾਲੀ ਦੇ ਸੰਚਾਲਣ ਲਈ ਵਚਨਬੱਧ ਹਨ। ਹੋ ਸਕਦਾ ਹੈ ਕੀ ਕੁੱਝ ਗਿਣੇ - ਮਿਣੇ ਪ੍ਰਾਈਵੇਟ ਸਕੂਲ ਸਰਕਾਰ ਦੇ ਨਿਯਮਾਂ ਦੀ ਉਲੰਘਣਾ ਕਰਕੇ ਲੋਕ ਨਿੰਦਾ ਦਾ ਕਾਰਨ ਬਣੇ ਹੋਣ, ਪਰ ਓਹਨਾਂ ਸਕੂਲਾਂ ਦੀ ਬਦਨਾਮੀ ਦੇ ਛਿੱਟੇ ਸਾਰੇ ਪ੍ਰਾਈਵੇਟ ਸਕੂਲਾਂ ਦੇ ਉੱਤੇ ਪਾਉਣ ਤੋਂ ਗੁਰੇਜ ਕਰਨ ਦੀ ਲੋੜ ਹੈ। ਇਸ ਸੰਦਰਭ ਵਿੱਚ " ਨਿੱਜੀ ਸਕੂਲਾਂ ਦੀ ਲੁੱਟ ਨੂੰ ਨੱਥ ਪਾਈ ਜਾਵੇਗੀ " ਵਰਗੀ ਸ਼ਬਦਾਵਲੀ ਆਪ ਜੀ ਦੇ ਧਿਆਨ ਵਿੱਚ ਲਿਆਓਣ ਦੀ ਲੋੜ ਤੇ ਖੇਦ ਮਹਿਸੂਸ ਕਰ ਰਹੇਂ ਹਾਂ ਸ਼ਾਇਦ ਇਹੋ ਜਿਹੀ ਸ਼ਬਦਾਵਲੀ "ਵਿੱਦਿਆ ਵਿਚਾਰੀ ਤਾਂ ਪਰਉਪਕਾਰੀ" ਦੇ ਸਿਧਾਂਤ ਨੂੰ ਨਕਾਰਦੀ ਹੈ। ਜੇ ਆਪਾਂ ਉਹਨਾਂ ਲੱਖਾਂ ਸੂਝਵਾਨ ਮਾਪਿਆਂ ਵੱਲ ਨਜ਼ਰ ਮਾਰੀਏ ਜੋ ਪ੍ਰਾਈਵੇਟ ਸਕੂਲਾਂ ਨੂੰ ਆਪਣੇ ਬੱਚਿਆਂ ਦੇ ਭਵਿੱਖ ਲਈ ਤਰਜੀਹ ਦਿੰਦੇ ਹਨ ਉਹ ਆਪਣੇ ਬੱਚਿਆਂ ਦੇ ਸਕੂਲਾਂ ਦੀ ਹੇਠੀ ਸਾਇਦ ਬਰਦਾਸਤ ਨਾ ਕਰ ਸਕਣ। ਇਸ ਲਈ ਆਪ ਜੀ ਨੂੰ ਸਨਿਮਰ ਬੇਨਤੀ ਹੈ ਕਿ ਆਪ ਆਪਣੇ ਮਹਿਕਮੇ ਨੂੰ ਸੁਚੇਤ ਕਰੋ ਤਾਂ ਜੋ ਉਹ ਪ੍ਰਾਈਵੇਟ ਸਕੂਲਾਂ ਪ੍ਰਤੀ ਆਪਣੀ ਸੋਚ ਨੂੰ ਹਾਂ ਪੱਖੀ ਬਣਾਉਣ ਕਿਉਂਕਿ ਪੰਜਾਬ ਦੇ ਸੂਬੇ ਵਿੱਚ ਚੱਲ ਰਹੇ ਸਾਰੇ ਪ੍ਰਾਈਵੇਟ ਸਕੂਲ ਭਾਵੇਂ ਉਹ ਕਿਸੇ ਵੀ ਬੋਰਡ ਨਾਲ ਸਬੰਧਿਤ ਹੋਣ ਪੰਜਾਬ ਦੇ ਹੀ ਬੱਚਿਆਂ ਨੂੰ ਉੱਤਮ ਤਾਲੀਮ ਦਾ ਜ਼ਰੀਆ ਬਣੇ ਹੋਏ ਹਨ ਅਤੇ ਪੰਜਾਬ ਸਿੱਖਿਆ ਵਿਭਾਗ ਦੀ ਉੱਤਮ ਰਹਿਨੁਮਾਈ ਦੀ ਆਸ਼ਾ ਰੱਖਦੇ ਹਨ।ਸਾਡੀ ਵਿੱਦਿਆ ਅਤੇ ਸਕੂਲ ਹਿਤੈਸ਼ੀ ਜਥੇਬੰਦੀ ਆਪ ਜੀ ਪਾਸੋਂ ਹਾਂ ਪੱਖੀ ਹੁੰਗਾਰੇ ਦੀ ਆਸ ਰੱਖਦੀ ਹੈ।

ਆਪ ਜੀ ਦੇ ਸੁਭਚਿੰਤਕ

ਵਿਨੋਦ ਕੁਮਾਰ ਖੁਰਾਣਾ
ਪ੍ਰਧਾਨ ਪੁਸਾ ਪੰਜਾਬ

ਮਹਿੰਦਰ ਸਿੰਘ ਭੋਲਾ
ਜਰਨਲ ਸਕੱਤਰ ਪੁਸਾ ਪੰਜਾਬ